ਜਿਸ ਕਤਾਬ ਪਰ ਮੁਸੱਨਫ਼ ਕੇ ਕਲਮੀ ਦਸਤਖ਼ਤ ਮੋਹਰ ਵ ਤਸਵੀਰ ਨਾ ਹੋਗੀ ਵਹੁ ਮਾਲ ਮਸਰੂਕਾ ਹੋਗਾ ॥

ਕਾਲੀਦਾਸ ਦੀਆਂ ਪੋਥੀਆਂ ਬਿਨਾ ਦਸਤਖਤ ਮੋਹਰ । ਵੇਚਨ ਤੁਖਮ ਹਰਾਮਦੇ ਪੜ੍ਹਦੇ ਪਾਪੀ ਚੋਰ । ਪੜ੍ਹਦੇ ਪਾਪੀ ਚੋਰ ਰਬਨੇ ਦਿਤੇ ਦੀਦੇ ॥
ਉਸਨੂੰ ਨਹੀਂ ਕੋਈ ਪਾਪ ਜੇੜਾ ਅਨਭੋਲ ਖਰੀਦੇ । ਕਾਲੀਦਾਸ ਗੁਰ ਲਿਖਯਾ ਪੜ੍ਹਿਆ ਸੰਤ ਜੀਨਾਏ ਹੱਕ ਬਿਗਾਨਾ ਨਾਨਕਾ ਓਸ ਸੂਰ ਉਸ ਗਾਏ ॥

# ਰਾਜਾ ਹਰੀਚੰਦ

ਕ੍ਰਿਤ

ਪੰਡਿਤ ਕਵੀ ਕਾਲੀਦਾਸ ਗੁਜਰਾਂਵਾਲੀਆ

ਮੂਰਤ ਕਵੀ ਕਾਲੀਦਾਸ

ਸੰਨ ੧੯੨੮ ਸੰਮਤ ੧੯੮੫



ਰਜਿਸਟਰੀ ਸ਼ੁਦਾ ਕਤਾਬ ਹੈ

ਬੰਬੇ ਮੈਸ਼ੀਨ ਪ੍ਰੈਸ ਮੋਹਨਲਾਲ ਰੋਡ ਲਾਹੌਰ ਮੇਂ ਪੰ. ਹਰਭਗਵਾਨ
ਮੋਖ ।)॥ ਅਧਿਕਾਰ ਸੇ ਛਪਵਾਇਆ ॥ ( ਮੋਖ ।)॥

31430

# ਅਸਤੁਤੀ ਸ੍ਰੀ ਭਗਵਾਨ ਜੀ ਕੀ ॥

੧ ਓ ਅਦ੍ਵੈਤ ਅਲੇਖੰਗ॥ ਨਿਰਵਿਕਾਰ ਕਛੂ ਰੂਪ ਨਾ ਰੇਖੰਗ॥ ਕਰਨਹਾਰ ਕਰਤਾ ਜਗਦੀਸ੍ਵਰ। ਧਿਹਾਨ ਧਰੇਂ ਰਿਖੀ ਮੁਨੀ ਤਪੀ ਸ੍ਵਰ। ਸ਼ੁੱਧ ਬ੍ਰੱਮ ਸਦਾ ਪਰਕਾਸ਼ੀ। ਸ਼ਾਂਤ ਸ਼ੁੱਧ ਸਕਲ ਗੁਨ ਰਾਸ਼ੀ। ਸਤਿ ਚਿੱਤ ਆਨੰਦ ਸਰੂਪਾ। ਮਹਿਮਾ ਜਾਂਕੀ ਅਦਕ ਅਨੂਪਾ ਭਾਨ ਸਮਾਨ ਸਦਾ ਪਰਕਾਸ਼ਾ। ਤਿਮਰ ਅਗਿਆਨ ਕਰੇ ਸਭ ਨਾਸ਼ਾ॥ ਜੁਗ ਜੁਗ ਮਾਹਿ ਧਰੇਂ ਅਵਤਾਰਾ। ਰੱਖਕਕ ਧਰਮ ਸਮੇਂ ਅਨੁਸਾਰਾ। ਨਿਰਦੇਹੀ ਹੋਕਰ ਦੇਹ ਧਾਰੀ। ਲੀਲਾ ਕਰੇਂ ਭਗਤ ਹਿਤਕਾਰੀ॥ ਕਲੂ ਮੇਂ ਦੇਖ ਧਰਮ ਕੀ ਹਾਨੀ। ਦਸ ਅਵਤਾਰ ਭਏ ਗੁਰ ਗਯਾਨੀ॥ ਦੋਹਰਾ॥ ਭਗਤ ਉਧਾਰਨ ਕਾਰਨੇ ਸੋ ਪ੍ਰਭ ਰੂਪ ਵਟਾਇ। ਗੁਰੂ ਨਾਨਕ ਗੋਬਿੰਦ ਗੁਰ ਕਲੂ ਮੇਂ ਪ੍ਰਗਟੇ ਆਇ॥ ਪ੍ਰਾਰਥਨਾ॥ ਧਨ ਧਨ ਸਤਗੁਰ ਬਾਬਾ ਲਾਲ ਸਿੰਘ ਜੀ ਤੇਰੇ ਦੁਵਾਰਿਓਂ ਸਤਿਗੁਰੂ ਦਾਨ ਮੰਗਾਂ। ਝੋਲੀ ਅੱਡ ਖਲੋਤੜਾ ਭੀਖ ਪਾਓ ਸਦਾ ਨਾਮ ਨਾਰੈਨ ਅਸਨਾਨ ਮੰਗਾਂ। ਰੋਗ ਸੋਗ ਨਾ ਚਿੱਤ ਨੂੰ ਮੂਲ ਵਿਆਪੇ ਕਿਲ ਵਿਖ ਚਿੱਤ ਦੀ ਹਰੋ ਕਲਿਆਨ ਮੰਗਾਂ॥ ਕਰੋ ਮਹਿਰ ਦੀ ਨਜ਼ਰ ਮੋਤਾਜ ਉਤੇ ਹੱਥ ਜੋੜਕੇ ਖੈਰ ਅੰਜਾਨ ਮੰਗਾਂ। ਦਿਲੋਂ ਦੁਈ ਦਵੈਤ ਨਾ ਰਹੇ ਕੋਈ ਸੱਚੇ ਰੱਬਦੀ ਜਾਨ ਪਛਾਨ ਮੰਗਾਂ। ਕਾਲੀਦਾਸ ਅਭਲਾਖਿਆ ਦਿਲੋਂ ਹਰਦਮ ਚਰਨ ਕਮਲਾਂ ਦਾ ਸਦਾ ਧਿਹਾਨ ਮੰਗਾਂ। ਅਸਤੁਤੀ ਸ੍ਰੀ ਸਤਿਗੁਰ ਸੁਾਮੀ ਜੀ ਕੀ। ਧੱਨ ਧੱਨ ਸਤਿਗੁਰ ਬਾਬਾ ਹਰੀਸਿੰਘ ਜੀ ਗੁਰਮੁਖ ਸੰਤ ਜਨ ਗੁਨੀ ਗਹੀਰ ਆਏ। ਪੀਰਾਂ ਵਿੱਚ ਵੱਡੇ ਤੁਸੀ ਪੀਰ ਆਏ ਫ਼ਕਰਾਂ ਵਿੱਚ ਹੋ ਵੱਡੇ ਫ਼ਕੀਰ ਆਏ। ਸਦਾ ਸ਼ੁੱਧ ਚੇਤਨ ਆਨੰਦ ਮੂਰਤ ਨਿਰਮਲ ਗੰਗ ਦੇ ਵਾਂਗਰਾਂ ਨੀਰ ਆਏ। ਜਨਮ ਧਾਰਿਆ ਤੁਸਾਂ ਉਪਕਾਰ ਬਦਲੇ ਦਯਾਵਾਨ ਦਾਤਾਰ ਅਮੀਰ ਆਏ। ਹਰੀਸਿੰਘ ਸਤਿਗੁਰ ਹਰੀ ਰੂਪ ਆਏ ਮਹਾਰਾਜ ਦੀ ਖ਼ਾਸ ਤਸਵੀਰ ਆਏ। ਕਾਲੀਦਾਸ ਚਾ ਤਾਂਬਿਉਂ ਕਰਨ ਸੋਨਾ ਰੱਤੇ ਨਾਮਦੇ ਨਾਲ ਅਕਸੀਰ ਆਏ॥ ਤੱਬਾ॥ ਓਦੇ ਭਗਤਾਂ ਨੂੰ ਜੇਕਰ ਕਲੇਸ਼ ਹੋਵੇ ਈਸ੍ਰਰ ਜ਼ਰਾ ਨਾ ਦਿਲ ਵਿਚ ਵਿਚਾਰਦਾਏ। ਭਗਤ ਜਨਾਂ ਨੂੰ ਆਨਕੇ ਬਨੇ ਭੀੜਾ ਓਸੇ ਵਕਤ ਅਵਤਾਰ ਨੂੰ ਧਾਰਦਾਏ। ਜੇੜ੍ਹਾ ਅਤ ਅਰਾਧਨਾ ਕਰੇ ਉਸਦੀ ਓਭੀ ਚਿੱਤ ਦੇ ਨਾਲ ਚਤਾਰਦਾਏ। ਕਾਲੀਦਾਸ ਜੋ ਓਸਨੂੰ ਯਾਦ ਕਰਦਾ ਓਭੀ ਪਲਕ ਨਾ ਮੂਲ ਵਸਾਰਦਾਏ॥

# ਉਸਤਤੀ ਰਾਜਾ ਹਰੀਸ਼ਚੰਦ੍ਰ ਜੀ ਕੀ ॥

ਹਰੀਚੰਦ ਰਾਜਾ ਚੰਦ ਚੌਧਵੀਂ ਦਾ ਮੱਥੇ ਤਾਰਾ ਦੇ ਚੱਮਕਦਾ ਸਦਾ ਤਾਰਾ। ਤਾਰਾ ਨਾਰ ਜੈਸੀ ਸਤੀ ਪੱਤੀ ਬ੍ਰਿਤਾ ਨਹੀਂ ਲੱਭਦੀ ਢੂੰਡਿਆਂ ਜੱਗ ਸਾਰਾ। ਰੱਵੀਦਾਸ ਦਾਸਾਂ ਸੰਦਾ ਦਾਸ ਪੁੱਤ੍ਰ ਸਦਾ ਆਗਿਆ ਕਾਰ ਤੇ ਭਗਤ ਪਿਆਰਾ। ਲਗੀ ਰਹੇ ਅਜੁਧਿਆ ਵਿਚ ਮੈਹਮਾਂ ਸਰਜੂ ਨਦੀ ਦਾ ਚਲੇ ਪ੍ਰਵਾਹ ਨਿਆਰਾ। ਸਦਾ ਭਜਨ ਦੀ ਪਵੇ ਘੰਘੋਰ ਕੰਨੀਂ ਭਗਤ ਮੁਗਤ ਦੇ ਵਾਸਤੇ ਕਰਨ ਚਾਰਾ। ਠੌਰ ਠੌਰ ਅਸਥਾਨ ਅਨੇਕ ਸੁੰਦਰ ਪੰਡਤ ਬੈਠਦਾ ਕੱਥਾ ਸੁਨਾਨ ਹਾਰਾ। ਕਿਸੇ ਵਕਤ ਨਾਂ ਕਿਸੇ ਨੂੰ ਮੌਤ ਭੁਲੇ ਨੈਣਾਂ ਵਿਚ ਪ੍ਰੇਮ ਦੀ ਬਹੇ ਧਾਰਾ। ਹਰਇਕ ਮੱਗਨ ਗੋਬਿੰਦ ਦੀ ਲੱਗਨ ਅੰਦ੍ਰ ਕਾਂਸ਼ੀ ਪੁਰੀ ਦਾ ਦਿਸਦਾ ਮੁਗਤ ਦੁਵਾਰਾ ਈਸ਼੍ਵਰ ਲੱਵੇ ਨਾਂ ਕਿਸੇ ਦਾ ਅੰਤ ਯਾਰਾ ਬਿਪਤਾ ਸਮੇਂ ਕਰਦਾ ਇਮਤਿਹਾਨ ਭਾਰਾ। ਕਾਲੀਦਾਸ ਨਾਂ ਕਿਸੇ ਨੇ ਭੇਦ ਪਾਇਆ ਹਰ ਕੋਈ ਜਾਨਦਾ ਪ੍ਰਭੂ ਦਾ ਖੇਲ ਨਿਆਰਾ ॥ ਤੱਥਾ ॥

ਹਰੀਚੰਦ ਰਾਜਾ ਗਿਆਨ ਵਾਨ ਪੂਰਾ ਭਲਾ ਪੁਰਸ਼ ਵੱਕਤਾ ਚਾਰ ਵੇਦ ਦਾ ਸੀ। ਧੀਰਜ ਧਰਮ ਸੰਤੋਖ ਦੀ ਮੂਰਤੀ ਸੀ ਕਰਦਾ ਰਹੇ ਉਹ ਯੱਗ ਅੱਸ਼ਮੇਧ ਦਾ ਸੀ। ਪਰਜਾ ਵੱਸਦੀ ਖ਼ੁਸ਼ੀ ਦੇ ਨਾਲ ਸਾਰੀ ਕਿਤੇ ਨਾਮ ਨਾਂ ਕਸ਼ਟ ਤੇ ਖੇਦ ਦਾ ਸੀ। ਕਾਲੀਦਾਸ ਮਨੁੱਖ ਨਾਂ ਨਜ਼ਰ ਆਵੇ ਵਾਕਫ਼ ਕਾਰ ਜੋ ਉਸਦੇ ਭੇਦ ਦਾ ਸੀ ॥

ਆਨਾ ਨਾਰਦਮੁਨ ਜੀ ਕਾ ਅਜੁੱਧਿਆ ਨਗਰੀ ਮੇਂ ਵਾਸਤੇ ਪ੍ਰੀਖਿਆ ਕਰਨੇ ਰਾਜਾ ਹਰੀਸ਼ਚੰਦ੍ਰ ਕੇ ॥

ਇਕ ਰੋਜ਼ ਅਜੁੱਧਿਆ ਨਗਰ ਅੰਦਰ ਆਇਆ ਸੈਰ ਕਰਨੇ ਨਾਰਦ ਮੁਨੀ ਭਾਈ। ਲੀਲਾ ਵੇਖਕੇ ਅੰਦ੍ਰੋਂ ਦੰਗ ਹੋਇਆ ਡਿਠੇ ਲੋਗ ਗਿਆਨੀ ਤੇ ਗੁਨੀ ਭਾਈ। ਰਾਮ ਨਾਮ ਦੀ ਪਵੇ ਆਵਾਜ਼ ਕੰਨੀਂ ਲੱਗ ਰਹੀ ਪ੍ਰੇਮ ਦੀ ਧੁਨੀ ਭਾਈ। ਚਾਰ ਕੂੰਟ ਰਾਜੇ ਹਰੀਚੰਦ

ਸੰਦੀ ਸੋਭਾ ਸਾਰਿਆਂ ਦੇ ਮੂੰਹੋਂ ਸੁਨੀ ਭਾਈ। ਸਿਟਾ ਕੱਢ ਲਿਆ ਸਾਰੀ ਗੱਲਦਾ ਜੀ ਡਾਢੀ ਛਾਨ ਬਨਾਕੇ ਪੁਨੀ ਭਾਈ। ਕਾਲੀਦਾਸ ਜਹਾਨ ਦੇ ਬਾਗ਼ ਵਿਚੋਂ ਕਲੀ ਬ੍ਰਹੱਮ ਗਿਆਨ ਦੀ ਚੁਨੀ ਭਾਈ॥

ਜਾਨਾ ਨਾਰਦ ਮੁਨੀ ਜੀ ਕਾ ਇੰਦ੍ਰ ਪੁਰੀ ਮੇਂ ਰਾਜਾ ਇੰਦ੍ਰ ਕੇ ਪਾਸ॥

ਇਕ ਸਮੇਂ ਨਾਰਦ ਮੁਨੀ ਗੁਨੀ ਗਿਆਨੀ ਇੰਦ੍ਰ ਪੁਰੀ ਦੀ ਤਰਫ਼ ਸਿਧਾਇਆ ਜੀ। ਵਿਸ਼ਵਾ ਮਿਤ੍ਰ ਤੇ ਗੁਰੂ ਵਸਿਸ਼ਟ ਹੋਰਾਂ ਚਰਨੀਂ ਦੋਹਾਂ ਨੇ ਸੀਸ ਨਿਵਾਇਆ ਜੀ। ਇੰਦ੍ਰ ਰਾਜ ਬੜਾ ਆਦਰ ਮਾਨ ਕੀਤਾ ਆਸਨ ਦੇਕੇ ਕੋਲ ਬਿਠਲਾਇਆ ਜੀ। ਭੋਜਨ ਭਲੀ ਪ੍ਰਕਾਰ ਤਿਆਰ ਕਰਕੇ ਅਗੇ ਰੱਖਕੇ ਖ਼ੂਬ ਖਵਾਇਆ ਜੀ। ਧੰਨ ਭਾਗ ਸੁਵਾਮੀਓਂ ਅੱਜ ਮੇਰੇ ਦਰਸ਼ਨ ਅੱਖੀਆਂ ਦੇ ਲਾਨ ਪਾਇਆ ਜੀ। ਸੰਤ ਜਨਾਂ ਦਾ ਮੇਲ ਹੈ ਨਾਲ ਕਰਮਾਂ ਮਸਤਕ ਜਿਨ੍ਹਾਂ ਨੇ ਧੁਰੋਂ ਲਿਖਾਇਆ ਜੀ। ਕੋਈ ਗੱਲ ਸੁਨਾਓ ਖਾਂ ਨਵੀਂ ਸਾਨੂੰ ਹੱਥ ਜੋੜ ਕੇ ਬਚਨ ਸੁਨਾਇਆ ਜੀ। ਮਾਤ ਲੋਕ ਦਾ ਆਏ ਹੋ ਸੈਰ ਕਰਕੇ ਕੀ ਕੁਝ ਵੇਖਿਆ ਕਿਸੇ ਵਿਖਾਇਆ ਜੀ। ਸ਼ਾਰਦ ਸ਼ੇਸ਼ ਨੇ ਲਖੀ ਨਾਂ ਮੂਲ ਮਾਇਆ ਅੰਤ ਕਿਸੇ ਨੂੰ ਮੂਲ ਨਾਂ ਆਇਆ ਜੀ। ਕਾਲੀਦਾਸ ਨਾਰਦ ਜੋ ਕੁਝ ਵੇਖ ਆਇਆ ਸੱਭਾ ਵਿਚ ਪ੍ਰਸੰਗ ਸੁਨਾਇਆ ਜੀ।

ਕਹਿਨਾ ਨਾਰਦ ਮੁਨੀ ਜੀ ਕਾ ਵਿਸ਼ਵਾ ਮਿਤ੍ਰ ਜੀ ਕਾ॥

ਵਿਸ਼ਵਾਮਿਤ੍ਰ ਨੂੰ ਆਖਿਆ ਫੇਰ ਨਾਰਦ ਚਾਰ ਕੂੰਟ ਦਾ ਸੈਰ ਕਰ ਆਇਆ ਮੈਂ। ਜੱਤੀ ਸੱਤੀ ਧਰਮਾਤਮਾ ਪੁਰਸ਼ ਐਸਾ ਬਹੁਤ ਢੂੰਡਿਆ ਕਿਤੇ ਨਾਂ ਪਾਇਆ ਮੈਂ। ਸੱਦਾ ਅਪਨੇ ਧਰਮ ਵਿਚ ਰਹੇ ਅਸਥਿਤ ਕਈ ਭਾਂਤ ਦੇ ਨਾਲ ਅਜ਼ਮਾਇਆ ਮੈਂ। ਜੋ ਕੁਝ ਵੇਖਿਆ ਬੋਲਿਆ ਸੱਚ ਮੂੰਹੋਂ ਝੂਠ ਮਾਰਕੇ ਨਹੀਂ ਵਡਆਇਆ ਮੈਂ। ਕੋਲੋਂ ਕਿਹਾ ਵਸ਼ਿਸ਼ਟ ਨੇ ਸਰਬ ਸਰਿਸ਼ਟੀ ਧੱਸ ਓਸਦਾ ਸੁਨਿਆ ਸੁਨਾਇਆ ਮੈਂ। ਨਾਰਦ ਮੁਨੀ ਨਾਂ ਬੋਲਿਆ ਝੂਠ ਮਾਸ਼ਾ ਏਸ ਗੱਲ ਨੂੰ ਠੀਕ ਪਰ-

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.